


# UI (ਬੇਰੋਜ਼ਗਾਰ ਬੀਮਾ) ਲਈ ਅਪਲਾਈ ਕਰਨਾ

## ਬੇਰੋਜ਼ਗਾਰ ਬੀਮਾ ਲਾਭ

## ਬੇਰੋਜ਼ਗਾਰ ਬੀਮਾ ਲਾਭ ਕੌਣ ਲੈ ਸਕਦਾ ਹੈ?

ਜੇ ਤੁਸੀਂ ਨਿਊ ਯਾੱਰਕ ਵਿਚ ਕੰਮ ਕਰਦੇ ਹੋ, ਤਾਂ ਤੁਸੀਂ ਬੇਰੋਜ਼ਗਾਰ ਬੀਮਾ ਲਾਭ ਲੈਣ ਦੇ ਹੱਕਦਾਰ ਹੋ ਸਕਦੇ ਹੋ। ਤੁਹਾਡਾ:

- ਰੋਜ਼ਗਾਰ ਤੁਹਾਡੀ ਆਪਣੀ ਗ਼ਲਤੀ ਕਰਕੇ ਨਹੀਂ ਖੁੰਝਿਆ ਹੋਣਾ ਚਾਹੀਦਾ
- ਦਾਅਵਾ ਸਿੱਧ ਕਰਨ ਲਈ ਰੋਜ਼ਗਾਰ ਤੋਂ ਪਹਿਲਾਂ ਦੀਆਂ ਕਾਫ਼ੀ ਕਮਾਈਆਂ ਹਨ
- ਫ਼ੌਰਨ ਕੰਮ ਕਰਨ ਲਈ ਤਿਆਰ, ਇੱਛੁਕ ਅਤੇ ਸਮਰੱਥ ਹੋ
- ਕੰਮ ਲੱਭਣ ਵਿਚ ਸਰਗਰਮੀ ਨਾਲ ਲੱਗੇ ਰਹੋ ਅਤੇ ਆਪਣੀਆਂ ਕੋਸ਼ਿਸ਼ਾਂ ਦਾ ਰਿਕਾੱਰਡ (ਆੱਨਲਾਈਨ ਜਾਂ ਲਿਖਤੀ) ਰੱਖੋ

ਜੇ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਸੀਂ ਕਸੌਟੀ ਪੂਰੀ ਕਰਦੇ ਹੋ, ਤਾਂ ਜਿੰਨੀ ਛੇਤੀ ਸੰਭਵ ਹੋਵੇ, ਤੁਹਾਨੰ ਅਜੇ ਵੀ ਅਪਲਾਈ ਕਰਨਾ ਚਾਹੀਦਾ ਹੈ। ਅਸੀਂ ਨਿਰਣਾ ਕਰਾਂਗੇ ਕਿ ਤੁਸੀਂ ਯੋਗ ਹੈ। ਯੋਗਤਾ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ **dol.ny.gov/unemployment-insurance-claimant-handbook** 'ਤੇ ਸਾਡੀ ਦਾਅਵੇਦਾਰ ਲਈ ਹੱਥ-ਪੁਸਤਿਕਾ ਦਾ ਚੈਪਟਰ 2 ਵੇਖੋ।

## ਲਾਭਾਂ ਲਈ ਮੈਂ ਕਿਵੇਂ ਅਪਲਾਈ ਕਰਾਂ?

ਬੇਰੋਜ਼ਗਾਰ ਬੀਮਾ ਲਾਭਾਂ ਲਈ ਅਪਲਾਈ (ਦਾਅਵਾ ਦਾਇਰ ਕਰਨਾ) ਕਰਨ ਦਾ ਸਭ ਤੋਂ ਤੇਜ਼ ਅਤੇ ਸਭ ਤੋਂ ਸੁਰੱਖਿਅਤ ਤਰੀਕਾ ਸਾਡੀ ਵੈਬਸਾਈਟ **https://unemployment.labor.ny.gov** 'ਤੇ ਹੈ।

ਤੁਹਾਨੂੰ NY.gov ਆਈਡੀ ਦੀ ਵਰਤੋਂ ਕਰਨੀ ਪਏਗੀ। NY.gov ਆਈਡੀ ਤਿਆਰ ਕਰਨ ਲਈ ਸੇਧਾਂ ਲਾੱਗਿਨ ਪੇਜ 'ਤੇ ਹਨ। ਜੇ ਤੁਹਾਨੂੰ ਆਪਣੀ NY.gov ਆਈਡੀ ਤਿਆਰ ਕਰਨ ਜਾਂ ਪਹੁੰਚ ਕਰਨ ਵਿਚ ਮੁਸ਼ਕਿਲ ਹੁੰਦੀ ਹੈ, ਤਾਂ ਲਾੱਗਿਨ ਪੇਜ 'ਤੇ ਦਿੱਤੀਆਂ ਚਿੱਤਰਾਂ ਵਾਲੀਆਂ ਹਿਦਾਇਤਾਂ ਵੇਖੋ, NY.gov ਦੇ ਅਕਸਰ ਪੁੱਛੇ ਜਾਣ ਵਾਲੇ ਸੁਆਲ ਵੇਖੋ ਜਾਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮੀਂ 4:30 ਵਜੇ ਤੱਕ **800-833-3000** 'ਤੇ ਕਾੱਲ ਕਰੋ।

ਤੁਸੀਂ ਆੱਨਲਾਈਨ ਦਾਇਰ ਕਰ ਸਕਦੇ ਹੋ:

- ਸੋਮਵਾਰ ਤੋਂ ਵੀਰਵਾਰ, ਸਵੇਰੇ 7:30 ਵਜੇ ਤੋਂ ਸ਼ਾਮੀਂ 7:30 ਵਜੇ ਤੱਕ
- ਸ਼ੁੱਕਰਵਾਰ ਸਵੇਰੇ 7:30 ਵਜੇ ਤੋਂ ਸ਼ਾਮੀਂ 5:00 ਵਜੇ
- ਹਫ਼ਤੇ ਦੇ ਅਖ਼ੀਰਲੇ ਦਿਨਾਂ ਵਿਚ ਸ਼ਨਿਚਰਵਾਰ ਸਵੇਰੇ 12:01 ਵਜੇ ਤੋਂ ਐਤਵਾਰ ਸ਼ਾਮੀਂ 7:00 ਵਜੇ ਤੱਕ

ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ **888-209-8124** 'ਤੇ ਟੋਲ ਫ੍ਰੀ ਫੋਨ ਰਾਹੀਂ ਵੀ ਦਾਇਰ ਕਰ ਸਕਦੇ ਹੋ। ਅਨੁਵਾਦ ਸਬੰਧੀ ਸੇਵਾਵਾਂ ਲਈ 9 ਦੱਬੋ। TTY/TDD ਯੂਜ਼ਰਸ: **800-662-1220** 'ਤੇ ਰਿਲੇ ਅੱਪ੍ਰੇਟਰ ਨੂੰ ਕਾੱਲ ਕਰੋ ਅਤੇ ਅੱਪ੍ਰੇਟਰ ਨੂੰ **888-783-1370** 'ਤੇ ਕਾੱਲ ਕਰਨ ਲਈ ਕਹੋ। ਵੀਡੀਓ ਜਾਂ ਰਿਲੇ ਸਰਵਿਸ ਯੂਜ਼ਰਾਂ ਦੀਆਂ ਹੋਰ ਕਿਸਮਾਂ ਲਈ, ਆਪਣੇ ਰਿਲੇ ਅੱਪ੍ਰੇਟਰ ਨਾਲ ਸੰਪਰਕ ਕਰੋ ਅਤੇ ਰਿਲੇ ਅੱਪ੍ਰੇਟਰ ਨੂੰ **888-783-1370** 'ਤੇ ਕਾੱਲ ਕਰਨ ਲਈ ਕਹੋ।

## ਦਾਇਰ ਕਰਨ ਲਈ ਮੈਨੂੰ ਕਿਸ ਚੀਜ਼ ਦੀ ਲੋੜ ਹੈ?

- ਤੁਹਾਡਾ ਸਮਾਜਕ ਸੁਰੱਖਿਆ ਨੰਬਰ
- ਤੁਹਾਡਾ ਨਿਊ ਯਾੱਰਕ ਸਟੇਟ ਦਾ ਡ੍ਰਾਈਵਿੰਗ ਲਾਇਸੈਂਸ ਜਾਂ ਮੋਟਰ-ਗੱਡੀ ਸ਼ਨਾਖ਼ਤੀ ਕਾਰਡ ਨੰਬਰ (ਜੇ ਤੁਹਾਡੇ ਕੋਲ ਵੀ ਹੈ)
- ਤੁਹਾਡਾ ਮੁਕੰਮਲ ਡਾਕ ਪਤਾ ਅਤੇ ਜ਼ਿਪ ਕੋਡ
- ਇੱਕ ਫੋਨ ਨੰਬਰ, ਜਿਸ 'ਤੇ ਅਸੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਤੁਹਾਡੇ ਨਾਲ ਸੰਪਰਕ ਕਰ ਸਕੀਏ
- ਤੁਹਾਡਾ ਵਿਦੇਸ਼ੀ ਰਜਿਸਟ੍ਰੇਸ਼ਨ ਕਾਰਡ ਨੰਬਰ (ਜੇ ਤੁਸੀਂ ਅਮਰੀਕਾ ਦੇ ਨਾਗਰਿਕ ਨਹੀਂ ਹੋ ਅਤੇ ਤੁਹਾਡੇ ਕੋਲ ਕਾਰਡ ਹੈ)
- ਪਿਛਲੇ 18 ਮਹੀਨਿਆਂ ਦੇ ਤੁਹਾਡੇ ਸਾਰੇ ਰੋਜ਼ਗਾਰਦਾਤਿਆਂ ਦੇ ਨਾਂ ਅਤੇ ਪਤੇ, ਇਸ ਵਿਚ ਹੋਰਨਾਂ ਸਟੇਟ ਵਿਚਲੇ ਰੋਜ਼ਗਾਰਦਾਤੇ ਸ਼ਾਮਿਲ ਹੁੰਦੇ ਹਨ
- ਤੁਹਾਡੇ ਸਭ ਤੋਂ ਹਾਲੀਆ ਰੋਜ਼ਗਾਰਦਾਤਾ (FEIN ਤੁਹਾਡੇ W-2 ਫ਼ਾਰਮਾਂ 'ਤੇ ਹੈ) ਦਾ ਰੋਜ਼ਗਾਰਦਾਤਾ ਰਜਿਸਟ੍ਰੇਸ਼ਨ ਨੰਬਰ ਜਾਂ ਫ਼ੈਡਰਲ ਰੋਜ਼ਗਾਰਦਾਤਾ ਦਾ ਸ਼ਨਾਖ਼ਤੀ ਨੰਬਰ (FEIN)
- SF8 ਅਤੇ SF50 ਫ਼ਾਰਮਾਂ ਦੀਆਂ ਤੁਹਾਡੀਆਂ ਕਾੱਪੀਆਂ, ਜੇ ਤੁਸੀਂ ਫ਼ੈਡਰਲ ਮੁਲਾਜ਼ਮ ਸੀ
- ਤੁਹਾਡਾ ਸਭ ਤੋਂ ਹਾਲੀਆ ਅਲਹਿਦਗੀ ਫ਼ਾਰਮ (DD 214), ਜੇ ਤੁਸੀਂ ਫ਼ੌਜ ਵਿਚ ਸੀ

ਇਹਨਾਂ ਸਾਰੇ ਦਸਤਾਵੇਜ਼ਾਂ ਤੋਂ ਬਿਨਾ ਵੀ ਤੁਸੀਂ ਦਾਅਵਾ ਦਾਇਰ ਕਰ ਸਕਦੇ ਹੋ। ਹਾਲਾਂਕਿ, ਅਧੂਰੀ ਜਾਣਕਾਰੀ ਕਰਕੇ ਤੁਹਾਡੇ ਪਹਿਲੇ ਭੁਗਤਾਨ ਵਿਚ ਦੇਰ ਹੋ ਸਕਦੀ ਹੈ।

ਜੇ ਤੁਸੀਂ ਵੈਬ ਪੇਜ ਪ੍ਰਿੰਟ ਨਹੀਂ ਕਰ ਸਕਦੇ, ਤਾਂ ਜਾਣਕਾਰੀ ਲਿਖਣ ਲਈ ਪੈਨ ਅਤੇ ਕਾਗਜ਼ ਤਿਆਰ ਰੱਖੋ।

ਜੇ ਤੁਸੀਂ ਆਪਣਾ ਦਾਅਵਾ ਆੱਨਲਾਈਨ ਭਰ ਰਹੇ ਹੋ ਅਤੇ ਚਾਹੁੰਦੇ ਹੋ ਕਿ ਤੁਹਾਡੇ ਲਾਭ ਸਿੱਧਿਆਂ ਤੁਹਾਡੇ ਬੈਂਕ ਖਾਤੇ ਵਿਚ ਜਮ੍ਹਾ ਕਰਾਏ ਜਾਣ, ਤਾਂ ਤੁਹਾਨੂੰ ਚੈਕ ਦੀ ਲੋੜ ਪਏਗੀ, ਜਿਸ 'ਤੇ ਤੁਹਾਡੇ ਬੈਂਕ ਦੀ ਰੂਟਿੰਗ ਅਤੇ ਚੈਕਿੰਗ ਖਾਤੇ ਦੇ ਨੰਬਰ ਹੋਣ।

## ਦਾਅਵਾ ਦਾਇਰ ਕਰਨ ਲਈ ਮੈਂ ਮਦਦ ਕਿਵੇਂ ਹਾਸਿਲ ਕਰਾਂ?

ਜੇ ਤੁਸੀਂ ਅਸਮਰੱਥ (ਅਪਾਹਜ) ਹੋ ਜਾਂ ਭਾਸ਼ਾ ਸਬੰਧੀ ਮਸਲਾ ਹੈ ਅਤੇ ਆਪਣਾ ਦਾਅਵਾ ਭਰਨ ਵਾਸਤੇ ਮਦਦ ਦੀ ਲੋੜ ਹੈ, ਤਾਂ ਦੋਸਤ ਜਾਂ ਰਿਸ਼ਤੇਦਾਰ ਮਦਦ ਕਰ ਸਕਦਾ ਹੈ। ਹਾਲਾਂਕਿ:

- ਤੁਹਾਡੇ ਨਾਲ ਹਰ ਸਮੇਂ ਤੁਹਾਡਾ ਸਹਾਇਕ ਹੋਣਾ ਚਾਹੀਦਾ ਹੈ, ਜੋ ਤੁਹਾਡੀ ਮਦਦ ਅਤੇ ਤੁਹਾਡੇ ਪਿਨ ਦੀ ਵਰਤੋਂ ਕਰ ਸਕਦਾ ਹੈ।
- ਆਪਣੇ ਸਹਾਇਕ ਦੀਆਂ ਕਾਰਵਾਈਆਂ ਲਈ ਤੁਸੀਂ ਆਪ ਜ਼ਿੰਮੇਵਾਰ ਹੋ
- ਜਦੋਂ ਤੁਹਾਡਾ ਸਹਾਇਕ ਤੁਹਾਡੀ ਮਦਦ ਕਰਦਾ ਹੈ ਅਤੇ ਤੁਸੀਂ ਮੌਜੂਦ ਨਹੀਂ ਹੁੰਦੇ, ਤਾਂ ਤੁਹਾਡੇ 'ਤੇ ਜੁਰਮਾਨੇ ਲੱਗ ਸਕਦੇ ਹਨ, ਇਹਨਾਂ ਵਿਚ ਲਾਭ ਜ਼ਬਤ ਕੀਤੇ ਜਾਣੇ ਸ਼ਾਮਿਲ ਹੁੰਦੇ ਹਨ

## ਮੈਂ ਹਫ਼ਤੇਵਾਰ ਲਾਭਾਂ/ਲਾਭਾਂ ਨੂੰ ਪ੍ਰਮਾਣਿਤ ਕਰਨ ਦਾ ਦਾਅਵਾ ਕਿਵੇਂ ਕਰਾਂ?

ਆਪਣਾ ਦਾਅਵਾ ਦਾਇਰ ਕਰਨ ਤੋਂ ਬਾਅਦ, ਬੇਰੋਜ਼ਗਾਰ ਰਹਿਣ ਤੱਕ ਤੁਹਾਨੂੰ ਹਰ ਹਫ਼ਤੇ, ਹਫ਼ਤੇਵਾਰ ਲਾਭ ਜ਼ਰੂਰ ਲੈਣੇ ਚਾਹੀਦੇ ਹਨ। ਤੁਸੀਂ ਜਾਂ ਤਾਂ **https://unemployment.labor.ny.gov** 'ਤੇ ਔਨਲਾਈਨ ਜਾਂ **888-581-5812** 'ਤੇ ਸਾਡੀ ਟੈਲ-ਸਰਵਿਸ ਟੋਲ ਫ੍ਰੀ ਫੋਨ ਲਾਈਨ 'ਤੇ ਕਾੱਲ ਕਰਕੇ ਇੰਜ ਕਰ ਸਕਦੇ ਹੋ।

ਜਦੋਂ ਤੁਸੀਂ ਹਫ਼ਤੇਵਾਰ ਲਾਭਾਂ ਦਾ ਦਾਅਵਾ ਕਰਦੇ ਹੋ, ਤਾਂ ਤੁਹਾਡੇ ਤੋਂ ਕਈ ਸੁਆਲ ਪੁੱਛੇ ਜਾਣਗੇ। ਦਿਆਨਤਦਾਰੀ ਨਾਲ ਜਵਾਬ ਦੇਣਾ ਬਹੁਤ ਜ਼ਰੂਰੀ ਹੈ, ਕਿਉਂਕਿ ਤੁਸੀਂ ਕਿਰਤ ਵਿਭਾਗ ਨੂੰ ਇਸ ਗੱਲ ਦੀ ਪੁਸ਼ਟੀ ਕਰ ਰਹੇ ਹੋ ਕਿ ਤੁਹਾਡੇ ਜਵਾਬ ਸਹੀ ਅਤੇ ਠੀਕ ਹਨ। ਇਸ ਕਰਕੇ ਇਸ ਅਮਲ ਨੂੰ"ਲਾਭਾਂ ਲਈ ਪੁਸ਼ਟੀ ਕਰਨਾ" ਵੀ ਕਿਹਾ ਜਾਂਦਾ ਹੈ।

ਬੇਰੋਜ਼ਗਾਰ ਬੀਮੇ ਦੇ ਉਦੇਸ਼ਾਂ ਲਈ ਇੱਕ ਹਫ਼ਤਾ ਸੋਮਵਾਰ ਤੋਂ ਐਤਵਾਰ ਤੱਕ ਹੁੰਦਾ ਹੈ। ਬਹੁਤੇ ਲੋਕ ਐਤਵਾਰ ਨੂੰ ਪਿਛਲੇ ਹਫ਼ਤੇ ਦੇ ਹਫ਼ਤੇਵਾਰ ਲਾਭਾਂ ਦਾ ਦਾਅਵਾ ਕਰਦੇ ਹਨ। ਹਾਲਾਂਕਿ, ਇੰਜ ਕਰਨ ਲਈ ਤੁਹਾਡੇ ਕੋਲ ਅਗਲੇ ਸ਼ਨਿਚਰਵਾਰ ਤੱਕ ਦਾ ਸਮਾਂ ਹੁੰਦਾ ਹੈ।

ਕਾਨੂੰਨ ਅਨੁਸਾਰ, ਤੁਹਾਡੇ ਦਾਅਵੇ ਦਾ ਪਹਿਲਾ ਹਫ਼ਤਾ, ਉਡੀਕ ਹਫ਼ਤਾ ਹੈ। ਤੁਹਾਨੂੰ ਇਸ ਹਫ਼ਤੇ ਲਈ ਲਾਭ ਨਹੀਂ ਮਿਲਣਗੇ, ਪਰ ਤੁਹਾਨੂੰ ਕੰਮ ਲਈ ਤਿਆਰ, ਇੱਛੁਕ ਅਤੇ ਸਮਰੱਥ ਹੋਣਾ ਅਤੇ ਨੌਕਰੀ ਦੀ ਤਲਾਸ਼ ਕਰਦੇ ਰਹਿਣਾ ਚਾਹੀਦਾ ਹੈ।

## ਮੈਨੂੰ ਲਾਭ ਕਦੋਂ ਮਿਲਣੇ ਸ਼ੁਰੂ ਹੋਣਗੇ?

ਜੇਕਰ ਤੁਸੀਂ ਯੋਗ ਹੋ ਅਤੇ ਦਾਅਵਾ ਦਾਇਰ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ, ਤਾਂ ਇਸ ਵਿੱਚ ਆਮ ਤੌਰ ‘ਤੇ ਦਾਅਵਾ ਦਾਇਰ ਕਰਨ ਤੋਂ ਲੈ ਕੇ ਤੁਹਾਨੂੰ ਆਪਣਾ ਪਹਿਲਾ ਭੁਗਤਾਨ ਮਿਲਣ ਵਿੱਚ ਤਿੰਨ ਤੋਂ ਛੇ ਹਫ਼ਤੇ ਲੱਗਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਸਾਨੂੰ ਤੁਹਾਡੀ ਅਰਜ਼ੀ ਦੀ ਸਮੀਖਿਆ ਅਤੇ ਉਸ ‘ਤੇ ਪ੍ਰਕਿਰਿਆ ਕਰਨੀ ਪੈਂਦੀ ਹੈ। ਇਸ ਸਮੇਂ ਦੌਰਾਨ ਤੁਹਾਨੂੰ ਲਾਭ ਨਹੀਂ ਮਿਲਣਗੇ। ਜੇ ਤੁਸੀਂ ਯੋਗ ਹੋਏ, ਤਾਂ ਤੁਹਾਨੂੰ, ਤੁਹਾਡੇ ਲਈ ਬਣਦੇ ਸਾਰੇ ਲਾਭ ਮਿਲਣਗੇ।

## ਮੈਨੂੰ ਆਪਣੇ ਲਾਭ ਕਿਵੇਂ ਮਿਲਣਗੇ?

ਜੇ ਤੁਸੀਂ ਬੇਰੋਜ਼ਗਾਰ ਬੀਮੇ ਲਈ ਔਨਲਾਈਨ ਅਪਲਾਈ ਕਰਦੇ ਹੋ, ਤਾਂ ਤੁਹਾਨੂੰ ਪੁੱਛਿਆ ਜਾਏਗਾ ਕਿ ਤੁਸੀਂ ਆਪਣੇ ਲਾਭ ਡਾਇਰੈਕਟ ਡਿਪਾੱਜ਼ਿਟ ਜਾਂ ਡੈਬਿਟ ਕਾਰਡ ਰਾਹੀਂ ਲੈਣਾ ਚਾਹੁੰਦੇ ਹੋ ਜਾਂ ਨਹੀਂ। ਜੇ ਤੁਸੀਂ ਫੋਨ ‘ਤੇ ਅਪਲਾਈ ਕਰਦੇ, ਤਾਂ ਤੁਹਾਨੂੰ ਤੁਹਾਡੇ ਲਾਭ ਡੈਬਿਟ ਕਾਰਡ ਰਾਹੀਂ ਮਿਲਣਗੇ। ਅਸੀਂ ਹੁਣ ਚੈੱਕ ਰਾਹੀਂ ਲਾਭ ਜਾਰੀ ਨਹੀਂ ਕਰਦੇ।

## ਵਾਧੂ ਜਾਣਕਾਰੀ

ਤੁਹਾਡੇ ਵਲੋਂ ਲਾਭਾਂ ਲਈ ਅਪਲਾਈ ਕਰਨ ਤੋਂ ਬਾਅਦ, ਤੁਹਾਨੂੰ ਡਾਕ ਵਿਚ ਮਾਲੀ ਲਾਭ ਦਾ ਨਿਰਣਾ ਕਰਨ ਸਬੰਧੀ ਨੋਟਿਸ ਮਿਲੇਗਾ। ਕਿਰਪਾ ਕਰਕੇ ਇਸ ਨੂੰ ਫ਼ੌਰਨ ਪੜ੍ਹੋ। ਇਸ ਨਾਲ ਤੁਹਾਨੂੰ ਪਤਾ ਚੱਲੇਗਾ ਕਿ ਬੇਰੋਜ਼ਗਾਰ ਬੀਮੇ ਲਈ ਯੋਗ ਹੋਣ ਵਾਸਤੇ ਤੁਹਾਡੇ ਕੋਲ ਕਾਫ਼ੀ ਕਮਾਈਆਂ ਹਨ ਜਾਂ ਨਹੀਂ। ਇਸ ਨਾਲ ਤੁਹਾਨੂੰ ਇਹ ਵੀ ਪਤਾ ਚੱਲੇਗਾ ਕਿ ਜੇ ਇਸ ਨੋਟਿਸ ਵਿਚ ਤੁਹਾਡੀਆਂ ਸਾਰੀਆਂ ਕਮਾਈਆਂ ਨਹੀਂ ਦਿੱਤੀਆਂ ਗਈਆਂ, ਤਾਂ ਕੀ ਕਰੋ। ਮਹੱਤਵਪੂਰਣ: ਮਾਲੀ ਲਾਭ ਸਬੰਧੀ ਨਿਰਣਾ ਇਹ ਨਹੀਂ ਕਹਿੰਦਾ ਕਿ ਤੁਹਾਨੂੰ ਪੱਕੇ ਤੌਰ ਤੇ ਲਾਭ ਮਿਲਣਗੇ। ਇਸ ਤੋਂ ਸਿਰਫ਼ ਇਹੀ ਪਤਾ ਚੱਲਦਾ ਹੈ ਕਿ ਯੋਗ ਹੋਣ ਲਈ ਤੁਹਾਡੀਆਂ ਢੁਕਵੀਆਂ ਕਮਾਈਆਂ ਹਨ ਜਾਂ ਨਹੀਂ। ਜੇ ਤੁਸੀਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਤੁਹਾਡੇ ਲਾਭ ਅਸਾਨੀ ਨਾਲ ਸ਼ੁਰੂ ਹੋ ਜਾਣਗੇ। ਜੇ ਤੁਸੀਂ ਯੋਗ ਨਾ ਹੋਏ, ਤਾਂ ਸਾਡੇ ਤੋਂ ਤੁਹਾਨੂੰ ਇੱਕ ਚਿੱਠੀ ਮਿਲੇਗੀ।

ਜੇ ਤੁਸੀਂ ਆਪਣਾ ਪਤਾ ਅਤੇ ਫੋਨ ਨੰਬਰ ਨਹੀਂ ਨਵਿਆਇਆ, ਤਾਂ ਤੁਹਾਡੇ ਲਾਭ ਖੁੰਝ ਸਕਦੇ ਹਨ। ਬੇਰੋਜ਼ਗਾਰ ਬੀਮੇ ਦੀ ਡਾਕ ਪੋਸਟ ਆੱਫ਼ਿਸ ਰਾਹੀਂ ਨਹੀਂ ਭੇਜੀ ਜਾਂਦੀ।

ਸਾਰੇ ਸੁਆਲਨਾਮੇ ਫ਼ੌਰਨ ਵਾਪਸ ਭੇਜੋ, ਤਾਂਜੋ ਲਾਭ ਦੇ ਕਿਸੇ ਵੀ ਬਕਾਇਆਂ ਵਿਚ ਦੇਰੀ ਨਾ ਹੋਵੇ ਜਾਂ ਖ਼ਾਰਜ ਨਾ ਕੀਤੇ ਜਾਣ।

## ਹੋਰ ਜਾਣਕਾਰੀ ਲਈ

ਬੇਰੋਜ਼ਗਾਰ ਬੀਮਾ ਵੇਖੋ: ਇਸ ਤੱਥ-ਸ਼ੀਟ ਵਿਚ ਵਿਚਾਰੇ ਗਏ ਵਿਸ਼ਿਆਂ ਬਾਰੇ ਹੋਰ ਜਾਣਕਾਰੀ ਲਈ **dol.ny.gov/unemployment-insurance-claimant-handbook** ‘ਤੇ ਦਾਅਵੇਦਾਰ ਲਈ ਹੱਥ-ਪੁਸਤਿਕਾ। ਆਪਣਾ ਦਾਅਵਾ ਦਾਇਰ ਕਰਨ ਸਮੇਂ, ਜੇ ਤੁਸੀਂ ਇਸ ਨੂੰ ਲੈਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਇਹ ਹੱਥ-ਪੁਸਤਿਕਾ ਭੇਜੀ ਜਾਏਗੀ।

ਅਕਸਰ ਪੁੱਛੇ ਜਾਣ ਵਾਲੇ ਸੁਆਲ ਸਾਡੀ ਵੈਬ ਸਾਈਟ **dol.ny.gov/claimant-frequently-asked-questions** ‘ਤੇ ਹਨ।

ਜੇ ਆਪਣੇ ਦਾਅਵੇ ਜਾਂ ਇਸਦੀ ਸਥਿਤੀ ਬਾਰੇ ਤੁਹਾਡਾ ਵਿਸ਼ੇਸ਼ ਸੁਆਲ ਹੈ, ਤਾਂ **https://unemployment.labor.ny.gov** ‘ਤੇ ਸਾਨੂੰ ਇੱਕ ਸੁਰੱਖਿਅਤ ਸੁਨੇਹਾ ਭੇਜੋ। ਆਪਣੇ ਔਨਲਾਈਨ ਅਕਾਊਂਟ ਲਈ ਸਾਈਨ ਇਨ ਕਰੋ ਅਤੇ ਮਾਈ ਔਨਲਾਈਨ ਸਰਵਿਸਿਜ਼ (My Online Services) ਪੇਜ ਦੇ ਸਭ ਤੋਂ ਉੱਪਰ ਸੱਜੇ ਪਾਸੇ ਦਿੱਤੇ ਗਏ ਲਿਫ਼ਾਫ਼ੇ ਦੇ ਆਈਕਨ ਤੇ ਕਲਿੱਕ ਕਰੋ। ਜਾਂ **888-209-8124** ‘ਤੇ ਸਾਡੇ ਟੈਲੀਫੋਨ ਕਲੇਮਸ ਸੈਂਟਰ ਨੂੰ ਕਾੱਲ ਕਰੋ। ਸੋਮਵਾਰ ਅਤੇ ਸਰਕਾਰੀ ਛੁੱਟੀ ਤੋਂ ਬਾਅਦ ਦੇ ਦਿਨ ਫੋਨ ਦੀਆਂ ਕਾੱਲਾਂ ਬਹੁਤ ਮਸਰੂਫ਼ ਹੁੰਦੇ ਹਨ। ਵੀਰਵਾਰ ਅਤੇ ਸ਼ੁੱਕਰਵਾਰ ਦੇ ਦਿਨ ਘੱਟ ਮਸਰੂਫ਼ ਹੁੰਦੇ ਹਨ।

 ਨਿਊ ਯਾੱਰਕ ਸਟੇਟ ਦਾ ਕਿਰਤ ਵਿਭਾਗ ਬਰਾਬਰੀ ਦੇ ਮੌਕੇ ਵਾਲਾ ਰੋਜ਼ਗਾਰਦਾਤਾ/ਪ੍ਰੋਗਰਾਮ ਹੈ। ਅਸਮਰੱਥ (ਅਪਾਹਜ) ਵਿਅਕਤੀਆਂ ਦੀ ਬੇਨਤੀ ‘ਤੇ ਸਹਾਇਕ ਉਪਕਰਣ ਅਤੇ ਸੇਵਾਵਾਂ ਉਪਲਬਧ ਹਨ। NEW YORK STATE OF OPPORTUNITY | Department of Labor